ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 22 ਨਵੰਬਰ 2026 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਯੂਰਪੀ ਦੇਸ਼ਾਂ ਵਿੱਚ ਭਰਵੇਂ ਹੁੰਗਾਰੇ ਮਗਰੋਂ ਇੰਗਲੈਂਡ ਦੀਆਂ ਨਾਮਵਰ ਸ਼ਖ਼ਸੀਅਤਾਂ ਵੱਲੋਂ ਆਤਮਜੀਤ ਕੌਰ ਆਤਮ ਦੀ ਪਲੇਠੀ ਪੁਸਤਕ 'ਕੁਦਰਤਨਾਮਾ' ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਬਰਮਿੰਘਮ (ਇੰਗਲੈਂਡ): 22 ਨਵੰਬਰ : ਯੂਰਪੀ ਦੇਸ਼ਾਂ ਵਿੱਚ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਪ੍ਰਾਪਤ ਕਰ ਰਹੀ ਪੰਜਾਬੀ ਕਵਿੱਤਰੀ ਆਤਮਜੀਤ ਕੌਰ ਆਤਮ ਦੀ ਪਲੇਠੀ ਕਾਵਿ-ਪੁਸਤਕ 'ਕੁਦਰਤਨਾਮਾ' ਇੰਗਲੈਂਡ ਦੇ ਪ੍ਰਮੁੱਖ ਸ਼ਹਿਰ ਬਰਮਿੰਘਮ ਵਿਖੇ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤੀ ਗਈ। ਇਹ ਸਮਾਗਮ 14 ਨਵੰਬਰ 2026, ਦਿਨ ਸ਼ਨਿਚਰਵਾਰ ਨੂੰ ਯੂਰਪੀਨ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਕਰਾਣੀਕਾਰ ਸੁਖਜੀਤ ਦੀ ਯਾਦ ਵਿੱਚ ਕਰਵਾਏ ਗਏ ਦੂਜੇ ਯਾਦਗਾਰੀ ਕਹਾਣੀ ਸਮਾਰੋਹ ਦੌਰਾਨ ਸ਼ਹੀਦ ਊਧਮ ਸਿੰਘ ਵੈਲਫੇਅਰ ਸੋਸਾਇਟੀ, ਬਰਮਿੰਘਮ ਵਿਖੇ ਆਯੋਜਿਤ ਕੀਤਾ ਗਿਆ।

ਸਮਾਗਮ ਵਿੱਚ ਪ੍ਰਸਿੱਧ ਪੰਜਾਬੀ ਕਹਾਣੀਕਾਰ ਅਜਮੇਰ ਸਿੱਧੂ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪੰਜਾਬੀ ਕਵੀ ਨਛੱਤਰ ਭੋਗਲ ਨੇ ਹਾਜ਼ਰ ਸਾਹਿਤਕਾਰਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਅਜਮੇਰ ਸਿੱਧੂ ਨੇ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਅਤੇ ਇਸ ਦੇ ਇਤਿਹਾਸਕ ਮਹੱਤਵ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ।

ਇਸ ਸਾਹਿਤਕ ਸਮਾਗਮ ਦਾ ਵਿਸ਼ੇਸ਼ ਆਕਰਸ਼ਣ ਆਤਮਜੀਤ ਕੌਰ ਆਤਮ ਦੀ ਪਲੇਠੀ ਕਾਵਿ-ਪੁਸਤਕ 'ਕੁਦਰਤਨਾਮਾ' ਦਾ ਲੋਕ ਅਰਪਣ ਸੀ। ਪੁਸਤਕ ਬਾਰੇ ਉਘੇ ਸਾਹਿਤਕਾਰ ਬਲਵਿੰਦਰ ਸਿੰਘ ਚਾਹਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਇਸ ਦੇ ਵਿਸ਼ਾ-ਵਸਤੂ ਅਤੇ ਕਾਵਿਕ ਪੱਖਾਂ ਬਾਰੇ ਚਰਚਾ ਕੀਤੀ। ਕੁਦਰਤ ਨਾਲ ਮਨੁੱਖ ਦੇ ਰਿਸ਼ਤੇ, ਕੁਦਰਤੀ ਸੁੰਦਰਤਾ ਅਤੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਕਾਵਿਕ ਅਭਿਵਿਅਕਤੀ ਦੇਣ ਵਾਲੀ ਇਸ ਪੁਸਤਕ ਨੂੰ ਪਾਠਕਾਂ ਅਤੇ ਸਾਹਿਤਕ ਹਲਕਿਆਂ ਵੱਲੋਂ ਮਿਲ ਰਹੇ ਹੁੰਗਾਰੇ ਨੇ ਕਵਿੱਤਰੀ ਦੇ ਸਾਹਿਤਕ ਸਫ਼ਰ ਨੂੰ ਨਵੀਂ ਪਛਾਣ ਦਿੱਤੀ ਹੈ।

ਇਸ ਮੌਕੇ ਬਰਤਾਨੀਆ ਦੀਆਂ ਵੱਖ-ਵੱਖ ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਨਾਲ ਜੁੜੀਆਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਨ੍ਹਾਂ ਵਿੱਚ ਪੰਜਾਬੀ ਸੱਥ ਵੱਲੋਂ ਅਜਾਇਬ ਸਿੰਘ ਗਰਚਾ, ਸਾਹਿਤ ਕਲਾ ਕੇਂਦਰ ਸਾਊਥਾਲ ਦੇ ਪ੍ਰਧਾਨ ਬੀਬੀ ਕੁਲਵੰਤ ਕੌਰ ਢਿੱਲੋਂ, ਨਿਰਮਲ ਸਿੰਘ ਕੰਧਾਲਵੀ, ਕਿਰਪਾਲ ਪੂੰਨੀ, ਸ਼ਾਇਰ ਰਸ਼ਿੰਦਰਜੀਤ, ਰਵਿੰਦਰ ਕੁੰਦਰਾ, ਕਾਮਰੇਡ ਤਾਰਾ ਸਿੰਘ ਤਾਰਾ, ਕਾਮਰੇਡ ਤਾਰੀ, ਮਨਜੀਤ ਪੱਡਾ, ਬਲਵੰਤ ਗਿੱਲ, ਜਸਮੇਰ ਸਿੰਘ ਲਾਲ, ਬਲਦੇਵ ਦਿਉਲ ਅਤੇ ਹੋਰ ਸਾਹਿਤ ਪ੍ਰੇਮੀ ਸ਼ਾਮਲ ਸਨ। ਇਸ ਤੋਂ ਇਲਾਵਾ ਦਲਵੀਰ ਹਲਵਾਰਵੀ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਸਮਾਗਮ ਦੇ ਪਹਿਲੇ ਭਾਗ ਦਾ ਸੰਚਾਲਨ ਪ੍ਰਸਿੱਧ ਨਾਵਲਕਾਰ ਮਹਿੰਦਰਪਾਲ ਧਾਲੀਵਾਲ ਨੇ ਅਤੇ ਦੂਜੇ ਭਾਗ ਦਾ ਸੰਚਾਲਨ ਰੂਪ ਦਵਿੰਦਰ ਕੌਰ ਨੇ ਬਾਖੂਬੀ ਨਿਭਾਇਆ। ਅੰਤ ਵਿੱਚ ਬਲਵਿੰਦਰ ਸਿੰਘ ਚਾਹਲ ਨੇ ਯੂਰਪੀਨ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸਮੂਹ ਮਹਿਮਾਨਾਂ, ਸਾਹਿਤਕਾਰਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਮੁਫ਼ ਮਿਲਣ ਦੇ ਵਾਅਦੇ ਨਾਲ ਸਮਾਗਮ ਦੀ ਸਮਾਪਤੀ ਕੀਤੀ। ਆਤਮਜੀਤ ਕੌਰ ਆਤਮ ਦੀ ਪਹਿਲੀ ਪੁਸਤਕ 'ਕੁਦਰਤਨਾਮਾ' ਦਾ ਇੰਗਲੈਂਡ ਵਿੱਚ ਇਸ ਤਰ੍ਹਾਂ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਵੱਲੋਂ ਲੋਕ ਅਰਪਣ ਹੋਣਾ ਉਨ੍ਹਾਂ ਦੇ ਸਾਹਿਤਕ ਸਫ਼ਰ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਹੈ।

ਖੇਡਾਂ ਅਤੇ ਵਿਗਿਆਨ ਨੂੰ ਜੋੜਨ ਦੀ ਦਿਸ਼ਾ ਵਿੱਚ ਪੰਜਾਬ ਸਪੋਰਟਸ ਯੂਨੀਵਰਸਿਟੀ ਵੱਲੋਂ ਰਾਸ਼ਟਰੀ ਸੈਮੀਨਾਰ; ਦੇਸ਼ ਭਰ ਤੋਂ 300 ਤੋਂ ਵੱਧ ਡੈਲੀਗੇਟਾਂ ਦੀ ਸ਼ਮੂਲੀਅਤ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 22 ਨਵੰਬਰ: ਮਹਾਰਾਜਾ ਭੂਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਵੱਲੋਂ "ਮਨੁੱਖੀ ਕਾਰਗੁਜ਼ਾਰੀ ਅਤੇ ਖੇਡਾਂ ਵਿਚ ਉੱਤਮਤਾ" ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਦੇਸ਼ ਭਰ ਦੀਆਂ ਵੱਖ-ਵੱਖ ਸੰਸਥਾਵਾਂ ਤੋਂ 300 ਤੋਂ ਵੱਧ ਡੈਲੀਗੇਟਾਂ, ਅਕਾਦਮਿਕ ਮਾਹਿਰਾਂ, ਖੋਜਾਰਥੀਆਂ, ਕੋਚਾਂ, ਖੇਡ ਪੇਸ਼ੇਵਰਾਂ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਸੈਮੀਨਾਰ ਨੇ ਖੇਡ ਪ੍ਰਦਰਸ਼ਨ, ਖੇਡ ਉੱਤਮਤਾ, ਖਿਡਾਰੀਆਂ ਦੀ ਸਿਹਤ ਅਤੇ ਤੰਦਰੁਸਤੀ ਅਤੇ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਖੇਡਾਂ ਦੀ ਭੂਮਿਕਾ ਨਾਲ ਸਬੰਧਤ ਵਿਗਿਆਨਕ ਵਿਚਾਰ-ਵਟਾਂਦਰੇ, ਖੋਜ ਅਤੇ ਗਿਆਨ ਦੇਆਦਾਨ-ਪ੍ਰਦਾਨ ਲਈ ਇੱਕ ਬਹੁ-ਵਿਭਾਗੀ ਮੰਚ ਪ੍ਰਦਾਨ ਕੀਤਾ।

ਸੈਮੀਨਾਰ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪੁਸ਼ਪਿੰਦਰ ਸਿੰਘ ਗਿੱਲ ਨੇ ਭਾਰਤੀ ਖੇਡਾਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਵਿਗਿਆਨਕ, ਖੋਜ-ਆਧਾਰਿਤ ਅਤੇ ਬਹੁ-ਵਿਭਾਗੀ ਪਹੁੰਚ ਦੀ ਵਧ ਰਹੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਖੇਡਾਂ ਵਿੱਚ ਉੱਤਮਤਾ ਸਿਰਫ਼ ਪ੍ਰਤਿਭਾ 'ਤੇ ਆਧਾਰਿਤ ਨਹੀਂ ਰਹੀ ਹੈ ਅਤੇ ਸਗੋਂ ਇਸ ਲਈ ਖਿਡਾਰੀਆਂ ਦਾ ਯੋਜਨਾਬੱਧ ਵਿਕਾਸ, ਵਿਗਿਆਨਕ ਸਿਖਲਾਈ, ਯੋਗ ਮਾਹਿਰਾਂ, ਖੇਡ-ਆਧਾਰਿਤ ਅਭਿਆਸ, ਉਚਿਤ ਰਿਕਵਰੀ ਅਤੇ ਮਜ਼ਬੂਤ ਸੰਸਥਾਗਤ ਸਹਿਯੋਗ ਦੀ ਲੋੜ ਹੈ। ਭਾਰਤ ਦੀਆਂ ਖੇਡ ਸੰਭਾਵਨਾਵਾਂ ਨੂੰ ਮਜ਼ਬੂਤ ਕਰਨ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਦੁਹਰਾਉਂਦਿਆਂ ਉਨ੍ਹਾਂ ਯੂਨੀਵਰਸਿਟੀ ਵਿਖੇ ਪ੍ਰਸਤਾਵਿਤ ਅਤਿ-ਆਧੁਨਿਕ ਹਾਈ-ਪਰਫਾਰਮੈਂਸ ਸੈਂਟਰ ਬਾਰੇ ਵੀ ਚਾਨਣਾ ਪਾਇਆ, ਜਿਸ ਦਾ ਉਦੇਸ਼ ਖੇਡ ਵਿਗਿਆਨ ਦੇ ਪ੍ਰਮੁੱਖ ਖੇਤਰਾਂ ਨੂੰ ਇੱਕ ਛੱਤ ਹੇਠ ਇਕੱਠਾ ਕਰਕੇ ਖਿਡਾਰੀਆਂ ਅਤੇ ਕੋਚਾਂ ਨੂੰ ਵਿਗਿਆਨਕ ਅਤੇ ਸਮੁੱਚੀ ਸਹਾਇਤਾ ਪ੍ਰਦਾਨ ਕਰਨਾ ਹੈ।

ਸੈਮੀਨਾਰ ਵਿੱਚ ਲਕਸ਼ਮੀਬਾਈ ਨੈਸ਼ਨਲ ਇੰਸਟੀਚਿਊਟ ਆਫ ਫਿਜ਼ੀਕਲ ਐਜੂਕੇਸ਼ਨ (ਐਲ.ਐਨ.ਆਈ.ਪੀ.ਈ.), ਗਵਾਲੀਅਰ ਦੇ ਸਾਬਕਾ ਵਾਈਸ ਚਾਂਸਲਰ ਸੀਨੀਅਰ ਪ੍ਰੋ. ਦਲਬੀਰ ਕੁਮਾਰ ਦੁਹੇਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਆਪਣੇ ਸੰਬੋਧਨ ਵਿੱਚ ਪ੍ਰੋ. ਦੁਹੇਰਾ ਨੇ ਕਸਰਤ ਸਰੀਰ ਵਿਗਿਆਨ, ਬਾਇਓਮੈਕੈਨਿਕਸ, ਖੇਡ ਮਨੋਵਿਗਿਆਨ, ਖੇਡ ਪੋਸ਼ਣ, ਖੇਡ ਮੈਡੀਸਨ ਅਤੇ ਆਰਟੀਫਿਸ਼ਲ ਇੰਟੈਲੀਜੈਂਸ ਆਧਾਰਿਤ ਪ੍ਰਦਰਸ਼ਨ ਵਿਸ਼ਲੇਸ਼ਣ ਵਰਗੇ ਖੇਤਰਾਂ ਦੇ ਏਕੀਕਰਨ ਰਾਹੀਂ ਭਾਰਤ ਦੇ ਖੇਡ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਖੇਡ ਵਿਗਿਆਨ ਦੀ ਪਰਿਵਰਤਨਸ਼ੀਲ ਭੂਮਿਕਾ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਜ਼ਮੀਨੀ ਪੱਧਰ 'ਤੇ ਖਿਡਾਰੀਆਂ ਦੀ ਪ੍ਰਤਿਭਾ ਦੇ ਵਿਕਾਸ ਤੋਂ ਲੈ ਕੇ ਵਿਸ਼ਵ ਪੱਧਰੀ ਖੇਡ ਉੱਤਮਤਾ ਤੱਕ ਪਹੁੰਚਣ ਲਈ ਖਿਡਾਰੀ-ਕੇਂਦਰਿਤ ਅਤੇ ਵਿਗਿਆਨਕ ਪਹੁੰਚ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਸੈਮੀਨਾਰ ਵਿੱਚ ਖਾਲਸਾ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪ੍ਰੋ. ਸ਼ਿਆਮਲ ਕੋਲੇ ਸਪੋਰਟਸ ਯੂਨੀਵਰਸਿਟੀ ਆਫ ਹਰਿਆਣਾ ਦੇ ਪ੍ਰੋ. ਯੋਗੇਸ਼ ਚੰਦਰ ਠਾਕੁਰ ਵੱਲੋਂ ਮੁੱਖ ਭਾਸ਼ਣ ਦਿੱਤੇ ਗਏ, ਜਿਨ੍ਹਾਂ ਨੇ ਮਨੁੱਖੀ ਪ੍ਰਦਰਸ਼ਨ ਅਤੇ ਖੇਡ ਉੱਤਮਤਾ ਦੇ ਵੱਖ-ਵੱਖ ਮਹੱਤਵਪੂਰਨ ਪੱਖਾਂ ਬਾਰੇ ਆਪਣੇ ਅਕਾਦਮਿਕ ਅਤੇ ਪੇਸ਼ੇਵਰ ਵਿਚਾਰ ਸਾਂਝੇ ਕੀਤੇ। ਸੈਮੀਨਾਰ ਦੌਰਾਨ ਸੱਤ ਸਮਾਨਾਂਤਰ ਵਿਗਿਆਨਕ ਅਤੇ ਤਕਨੀਕੀ ਸੈਸ਼ਨਾਂ ਵਿੱਚ 125 ਖੋਜ ਪੱਤਰ ਅਤੇ 100 ਵਿਗਿਆਨਕ ਪੋਸਟਰ ਪੇਸ਼ ਕੀਤੇ ਗਏ। ਖੇਡ ਵਿਗਿਆਨ, ਫਿਜ਼ੀਓਥੈਰੇਪੀ, ਸਰੀਰਕ ਸਿੱਖਿਆ, ਯੋਗ, ਫਾਰਮਾਸਿਊਟੀਕਲ ਵਿਗਿਆਨ, ਕੋਚਿੰਗ ਅਤੇ ਹੋਰ ਸਬੰਧਤ ਖੇਤਰਾਂ ਨਾਲ ਜੁੜੇ ਡੈਲੀਗੇਟਾਂ ਨੇ ਮਨੁੱਖੀ ਪ੍ਰਦਰਸ਼ਨ, ਖੇਡ ਉੱਤਮਤਾ, ਖਿਡਾਰੀਆਂ ਦੀ ਸਿਹਤ ਅਤੇ ਤੰਦਰੁਸਤੀ ਨਾਲ ਸਬੰਧਤ ਨਵੀਆਂ ਖੋਜਾਂ, ਵਿਗਿਆਨਕ ਵਿਕਾਸ ਅਤੇ ਵਿਹਾਰਕ ਪਹੁੰਚਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।

ਵੱਖ-ਵੱਖ ਸੰਸਥਾਵਾਂ ਦੇ ਪ੍ਰਸਿੱਧ ਮਾਹਿਰਾਂ ਵੱਲੋਂ ਵਿਗਿਆਨਕ ਸੈਸ਼ਨਾਂ ਦਾ ਸੰਚਾਲਨ ਅਤੇਪ੍ਰਧਾਨਗੀ ਕੀਤੀ ਗਈ, ਜਿਨ੍ਹਾਂ ਵਿੱਚ ਡਾ. ਪੰਕਜਪ੍ਰੀਤ ਸਿੰਘ, ਡਾ. ਸੁਪ੍ਰੀਤ ਖਿੰਦਾ, ਡਾ.ਮਨੋਹਰ ਲਾਲ, ਡਾ. ਪੁਸ਼ਪਦੀਪ ਸਿੰਘ, ਡਾ. ਜਤਿੰਦਰ ਮੁੰਜਾਲ, ਡਾ. ਕਲਪਨਾ ਚੁੜਸੀ, ਡਾ. ਸੱਜਣ ਪਾਲ ਯਾਦਵ, ਡਾ. ਪ੍ਰਵੀਨ ਕੁਮਾਰ, ਡਾ. ਰਾਕੇਸ਼ ਸ੍ਰੀਨਿਵਾਸਨ ਭਾਰਤੀ ਅਤੇਡਾ. ਰਾਹੁਲ ਦੇਵ ਚੌਧਰੀ ਸ਼ਾਮਲ ਸਨ। ਇਨ੍ਹਾਂ ਸੈਸ਼ਨਾਂ ਨੇ ਖੋਜਕਰਤਾਵਾਂ, ਅਕਾਦਮਿਕ ਮਾਹਿਰਾਂ ਅਤੇ ਖੇਡ ਪੇਸ਼ੇਵਰਾਂ ਵਿਚਕਾਰ ਗਿਆਨ ਦੇ ਆਦਾਨ-ਪ੍ਰਦਾਨ ਅਤੇ ਬਹੁ-ਵਿਭਾਗੀ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕੀਤਾ।

ਇਸ ਮੌਕੇ ਡਾ. ਅਜੀਤਾ, ਡਾ. ਪਰਮਵੀਰ ਸਿੰਘ, ਡਾ. ਅਸ਼ੋਕ ਕੁਮਾਰ, ਡਾ. ਏ.ਜੀ.ਕੇ ਸਿੰਹਾ, ਡਾ. ਨਿਸ਼ਾਨ ਸਿੰਘ ਦਿਓਲ, ਡਾ. ਹਰੀਸ਼ ਕੁਮਾਰ, ਡਾ. ਅਨੁਰਾਧਾ ਲਹਿਰੀ, ਡਾ. ਸੰਦੀਪ ਸਿੰਘ, ਡਾ. ਸੋਨੀਆ ਸਿੰਘ ਅਤੇ ਡਾ. ਸੌਰਭ ਤ੍ਰਿਖਾ ਸਮੇਤ ਪ੍ਰਸਿੱਧ ਅਕਾਦਮਿਕ ਮਾਹਿਰਾਂ ਅਤੇ ਵਿਦਵਾਨਾਂ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਪੋਸਟਰ ਪ੍ਰਸਤੁਤੀ ਸੈਸ਼ਨ ਵੀ ਸੈਮੀਨਾਰ ਦਾ ਵਿਸ਼ੇਸ਼ ਆਕਰਸ਼ਣ ਰਿਹਾ, ਜਿਸ ਵਿੱਚ ਖੋਜਕਰਤਾਵਾਂ ਅਤੇ ਵਿਦਵਾਨਾਂ ਨੂੰ ਆਪਣੀਆਂ ਖੋਜਾਂ ਪੇਸ਼ ਕਰਨ ਅਤੇ ਮਾਹਿਰਾਂ ਨਾਲਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ। ਸੈਮੀਨਾਰ ਦੀ ਸਫਲਤਾ ਯੂਨੀਵਰਸਿਟੀ ਦੇ ਸਮੂਹ ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਸਮਰਪਿਤ ਯਤਨਾਂ ਸਦਕਾ ਸੰਭਵ ਹੋਈ, ਜਿਨ੍ਹਾਂ ਨੇ ਡੈਲੀਗੇਟਾਂ ਦੀ ਸੁਚੱਜੀ ਮੇਜ਼ਬਾਨੀ ਕਰਦਿਆਂ ਸਮਾਗਮ ਦੇ ਸਫਲ ਆਯੋਜਨ ਵਿੱਚ ਅਹਿਮ ਭੂਮਿਕਾ ਨਿਭਾਈ।

ਇਸ ਰਾਸ਼ਟਰੀ ਸੈਮੀਨਾਰ ਰਾਹੀਂ ਮਹਾਰਾਜਾ ਭੂਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਨੇ ਖੇਡ ਸਿੱਖਿਆ, ਵਿਗਿਆਨਕ ਖੋਜ ਅਤੇ ਬਹੁ-ਵਿਭਾਗੀ ਸਹਿਯੋਗ ਨੂੰ ਉਤਸ਼ਾਹਿਤ ਕਰਦਿਆਂ ਦੇਸ਼ ਦੇ ਖੇਡ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਇੱਕ ਸਿਹਤਮੰਦ, ਸਰਗਰਮ ਤੇ ਵਿਗਿਆਨਕ ਸੋਚ ਵਾਲੇ ਸਮਾਜ ਦੀ ਸਿਰਜਣਾ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

ਨਦੀਨਾਂ ਦੀ ਵਾਤਾਵਰਨ ਪੱਖੀ ਰੋਕਥਾਮ ਦਾ ਹੋਕਾ ਦਿੰਦਿਆਂ ਪੀ.ਏ.ਯੂ. ਵਿਖੇ ਚੌਥੀ ਕੌਮਾਂਤਰੀ ਨਦੀਨ ਕਾਨਫਰੰਸ ਸੰਪੰਨ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 22 ਨਵੰਬਰ : ਚਾਰ ਰੋਜ਼ਾ ਚੌਥੀ ਕੌਮਾਂਤਰੀ ਨਦੀਨ ਕਾਨਫਰੰਸ ਅੱਜ ਪੀ.ਏ.ਯੂ. ਵਿਖੇ ਰਸਮੀ ਸਮਾਪਤੀ ਸਮਾਰੋਹ ਨਾਲ ਨੇਪਰੇ ਚੜ੍ਹੀ। ਇਸ ਕੌਮਾਂਤਰੀ ਕਾਨਫਰੰਸ ਦਾ ਸਾਂਝੇ ਤੌਰ 'ਤੇ ਆਯੋਜਨ ਇੰਡੀਅਨ ਸੁਸਾਇਟੀ ਆਫ ਵੀਡ ਸਾਇੰਸ, ਜਬਲਪੁਰ; ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ; ਆਈ.ਸੀ.ਏ.ਆਰ. ਡਾਇਰੈਕਟੋਰੇਟ ਆਫ ਵੀਡ ਰਿਸਰਚ, ਜਬਲਪੁਰ ਅਤੇ ਭਾਰਤੀ ਖੇਤੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ.), ਨਵੀਂ ਦਿੱਲੀ ਵੱਲੋਂ ਕੀਤਾ ਗਿਆ। ਇਸ ਕਾਨਫਰੰਸ ਵਿੱਚ ਦੇਸ਼-ਵਿਦੇਸ਼ ਤੋਂ ਲਗਭਗ 500 ਪ੍ਰਤੀਨਿਧੀਆਂ, ਖੋਜਾਰਥੀਆਂ, ਨੀਤੀ-ਘਾੜਿਆਂ ਅਤੇ ਉਦਯੋਗਿਕ ਖੇਤਰ ਦੇ ਮਾਹਿਰਾਂ ਨੇ ਸ਼ਮੂਲੀਅਤ ਕੀਤੀ। ਕਾਨਫਰੰਸ ਦੌਰਾਨ ਬਦਲਦੇ ਮੌਸਮੀ ਹਾਲਾਤ ਦੇ ਮੱਦੇਨਜ਼ਰ ਨਦੀਨਾਂ ਉੱਪਰ ਕਾਬੂ ਪਾਉਣ ਦੇ ਖੇਤਰ ਵਿੱਚ ਦਰਪੇਸ਼ ਨਵੀਆਂ ਚੁਣੌਤੀਆਂ ਅਤੇ ਖੇਤੀ ਨੂੰ ਸਥਿਰ ਬਣਾਉਣ ਦੇ ਤਰੀਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।



ਸਮਾਪਤੀ ਸਮਾਰੋਹ ਵਿੱਚ ਉੱਘੇ ਨਦੀਨ ਵਿਗਿਆਨੀ ਅਤੇ ਪੀ.ਏ.ਯੂ. ਦੇ ਸਾਬਕਾ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਐੱਲ. ਐੱਸ. ਬਰਾੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਡਾ. ਐੱਨ. ਟੀ. ਯਦੁਰਾਜੂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਇੰਡੀਅਨ ਸੁਸਾਇਟੀ ਆਫ ਵੀਡ ਸਾਇੰਸ ਦੇ ਪ੍ਰਧਾਨ ਅਤੇ ਕਾਨਫਰੰਸ ਦੇ ਆਯੋਜਨ ਚੇਅਰਮੈਨ ਡਾ. ਟੀ. ਕੇ. ਦਾਸ, ਸੁਸਾਇਟੀ ਦੇ ਸਕੱਤਰ ਅਤੇ ਕਾਨਫਰੰਸ ਦੇ ਆਯੋਜਨ ਸਕੱਤਰ ਡਾ. ਵੀ. ਕੇ. ਚੌਧਰੀ, ਪੀ.ਏ.ਯੂ. ਦੇ ਨਿਰਦੇਸ਼ਕ ਪਸਾਰ ਸਿੱਖਿਆ ਅਤੇ ਕਾਨਫਰੰਸ ਦੇ ਸਹਿ-ਆਯੋਜਨ ਚੇਅਰਮੈਨ ਡਾ. ਮੱਖਣ ਸਿੰਘ ਭੁੱਲਰ ਅਤੇ ਫ਼ਸਲ ਵਿਗਿਆਨ ਵਿਭਾਗ ਦੇ ਮੁਖੀ ਤੇ ਸਥਾਨਕ ਆਯੋਜਨ ਸਕੱਤਰ ਡਾ. ਹਰੀ ਰਾਮ ਵੀ ਮੰਚ 'ਤੇ ਮੌਜੂਦ ਸਨ। ਸਮਾਰੋਹ ਵਿੱਚ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ, ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਅਤੇ ਕਾਨਫਰੰਸ ਵਿੱਚ ਸ਼ਾਮਲ ਹੋਏ ਪ੍ਰਤੀਨਿਧੀਆਂ ਨੇ ਵੀ ਹਾਜ਼ਰੀ ਭਰੀ।

ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਡਾ. ਐੱਲ. ਐੱਸ. ਬਰਾੜ ਨੇ ਕਿਹ

ਵਰਲਡ ਪੰਜਾਬੀ ਟਾਈਮਜ਼ 22 ਨਵੰਬਰ 2026 ਦਿਨ ਐਤਵਾਰ

ਸ. ਜਗਪਾਲ ਸਿੰਘ ਖੰਗੂੜਾ ਦਾ ਵਿਛੋੜਾ ਨੇਕ ਪੁਰਸ਼ ਦੇ ਜਾਣ ਵਾਲੇ ਵੱਡੇ ਨੁਕਸਾਨ ਵਰਗਾ ਹੈ।

ਵਰਲਡ ਪੰਜਾਬੀ ਟਾਈਮਜ਼
ਗੁਰਤਸ਼ਨ ਗਿੱਲ

ਸ. ਜਗਦੇਵ ਸਿੰਘ ਜੱਸੋਵਾਲ ਜੀ ਦੇ ਉਹ ਸਹਿਪਾਠੀ ਤੇ ਗੂੜ੍ਹੇ ਵਿਸ਼ਵਾਸਪਾਤਰ ਹੋਣ ਕਾਰਨ ਉਹ ਪਿਛਲੇ ਤੀਹ ਪੈਂਤੀ ਸਾਲ ਸਾਡੇ ਮਿੱਤਰ ਦਾਇਰੇ ਨਾਲ ਵੱਡੇ ਫਰਾਵਾਂ ਵਾਂਗ ਰਹੇ। ਉਹ ਹਰ ਪਲ ਖੇੜੇ ਵਿੱਚ ਰਹਿੰਦੇ। ਯੂ ਕੇ ਵਿੱਚ ਵੱਡਾ ਕਾਰੋਬਾਰ ਸੀ ਪਰ ਪਿਛਲੀ ਉਮਰ ਦਾ ਅੱਧ ਉਨ੍ਹਾਂ ਆਪਣੇ ਪਿੰਡ ਲਤਾਲਾ ਤੇ ਲੁਧਿਆਣਾ ਵਿੱਚ ਗੁਜ਼ਾਰਿਆ। ਲੁਧਿਆਣਾ ਵਿੱਚ ਪਹਿਲਾ ਫਾਈਵ ਸਟਾਰ ਹੋਟਲ "ਪਾਰਕ ਪਲਾਜ਼ਾ" ਉਨ੍ਹਾਂ ਹੀ ਉਸਾਰਿਆ।

ਗੋਵਿੰਦ ਨੈਸ਼ਨਲ ਕਾਲਿਜ ਨਾਰੰਗਵਾਲ (ਲੁਧਿਆਣਾ)ਆਰਥਕ ਸੰਕਟ ਵਿੱਚੋਂ ਪ੍ਰਧਾਨ ਬਣ ਕੇ ਕੱਢਿਆ।
ਵੱਡਾ ਪੁੱਤਰ ਜੱਸੀ ਕਿਲਾਰਾਏਪੁਰ ਹਲਕੇ ਤੋਂ ਵਿਧਾਇਕ ਬਣਿਆ।

ਵੱਡਾ ਕਮਾਲ ਇਹ ਸੀ ਕਿ ਸ. ਜਗਪਾਲ ਸਿੰਘ ਨੇ ਸਮਾਜਿਕ ਰਿਸ਼ਤਿਆਂ ਤੇ ਮੁਹੱਬਤਾਂ ਨੂੰ ਕਦੇ ਨਾ ਵਿਸਾਰਿਆ।
ਆਪਣੇ ਪਿੰਡ ਤੇ ਗੋਤ ਬਾਰੇ ਖੋਜ ਆਧਾਰਿਤ ਪੁਸਤਕ ਡਾ. ਗੁਰਦੇਵ ਸਿੰਘ ਸਿੱਧੂ ਜੀ ਤੋਂ ਲਿਖਵਾਈ ਤੇ ਛਪਵਾ ਕੇ ਪੂਰੀ ਦੁਨੀਆਂ ਵਿੱਚ ਵੰਡੀ।

ਵੱਡੇ ਵੀਰ ਦੇ ਚਲਾਣੇ ਤੇ ਮਨ ਉਦਾਸ ਹੈ। ਪ੍ਰਭੂ ਚਰਨਾਂ ਵਿੱਚ ਨਿਵਾਸ ਬਖਸ਼ੇ।



ਖੇਡਾਂ ਵਤਨ ਪੰਜਾਬ ਦੀਆਂ 2026- ਪਟਿਆਲਾ ਵਿਖੇ ਰਾਜ ਪੱਧਰੀ ਲਾਅਨ ਟੈਨਿਸ ਅਤੇ ਵਾਲੀਬਾਲ ਸਮੈਸ਼ਿੰਗ ਵਿੱਚ ਅੱਜ ਛੇਵੇਂ ਦਿਨ ਦੀਆਂ ਖੇਡਾਂ ਕਰਵਾਈਆਂ ਗਈਆਂ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 22 ਨਵੰਬਰ:ਖੇਡਾਂ ਵਤਨ ਪੰਜਾਬ ਦੀਆਂ 2026 ਸਬੰਧੀ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਹ ਖੇਡ ਮੁਕਾਬਲੇ ਵੱਖ-ਵੱਖ ਉਮਰ ਵਰਗਾਂ ਵਿੱਚ ਕਰਵਾਏ ਜਾ ਰਹੇ ਹਨ, ਜਿਹਨਾਂ ਵਿੱਚ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਤੋਂ ਖਿਡਾਰੀ ਉਤਸ਼ਾਹ ਨਾਲ ਭਾਗ ਲੈ ਰਹੇ ਹਨ।

ਉਹਨਾਂ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਸ੍ਰ. ਰਣਬੀਰ ਸਿੰਘ ਭੰਗੂ ਜੁਆਇੰਟ ਡਾਇਰੈਕਟਰ ਖੇਡ ਵਿਭਾਗ ਪੰਜਾਬ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ।

ਲਾਅਨ ਟੈਨਿਸ ਖੇਡ ਵਿਅਕਤੀਗਤ ਈਵੈਂਟ ਉਮਰ ਵਰਗ 31-40 ਮੈਨ ਵਿੱਚ ਅਨੁਰਾਗ ਅੰਮ੍ਰਿਤਸਰ ਨੇ ਪਹਿਲਾ ਸਥਾਨ ਅਤੇ ਹਰਪ੍ਰੀਤ ਕੌਰ ਲੁਧਿਆਣਾ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਵਿਅਕਤੀਗਤ ਈਵੈਂਟ ਉਮਰ ਵਰਗ 31-40 ਵੁਮੈਨ ਵਿੱਚ ਰਿਚਾ ਲੁਧਿਆਣਾ ਨੇ ਪਹਿਲਾ ਸਥਾਨ, ਹਰਪ੍ਰੀਤ ਲੁਧਿਆਣਾ ਨੇ ਦੂਸਰਾ ਸਥਾਨ ਅਤੇ ਮੀਨੂੰ ਸ਼ਰਮਾ ਪਟਿਆਲਾ ਨੇ ਤੀਸਰਾ ਸਥਾਨ ਹਾਸਲ ਕੀਤਾ।ਨਕਸ਼ੇ ਖਰੀਦੋ

ਵਾਲੀਬਾਲ ਸਮੈਸ਼ਿੰਗ ਲੜਕੀਆਂ ਅੰਡਰ-17 ਵਿੱਚ ਮਾਨਸਾ ਦੀ ਟੀਮ ਨੇ ਰੂਪਨਗਰ ਦੀ ਟੀਮ ਨੂੰ, ਮੋਗਾ ਦੀ ਟੀਮ ਨੇ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ, ਲੁਧਿਆਣਾ ਦੀ ਟੀਮ ਨੇ ਜਲੰਧਰ ਦੀ ਟੀਮ ਨੂੰ, ਮੁਕਤਸਰ ਸਾਹਿਬ ਦੀ ਟੀਮ ਨੇ ਕਪੂਰਥਲਾ ਦੀ ਟੀਮ ਨੂੰ, ਮਲੇਰਕੋਟਲਾ ਦੀ ਟੀਮ ਨੇ ਫਰੀਦਕੋਟ ਦੀ ਟੀਮ ਨੂੰ, ਹੁਸ਼ਿਆਰਪੁਰ ਦੀ ਟੀਮ ਨੇ ਬਰਨਾਲਾ ਦੀ ਟੀਮ ਨੂੰ, ਬਠਿੰਡਾ ਦੀ ਟੀਮ ਨੇ ਅੰਮ੍ਰਿਤਸਰ ਦੀ ਟੀਮ ਨੂੰ, ਤਰਤਾਰਨ ਦੀ ਟੀਮ ਨੇ ਮਾਨਸਾ ਦੀ ਟੀਮ ਨੂੰ, ਲੁਧਿਆਣਾ ਦੀ ਟੀਮ ਨੇ ਸੰਗਰੂਰ ਦੀ ਟੀਮ ਨੂੰ, ਮੋਗਾ ਦੀ ਟੀਮ ਨੇ ਗੁਰਦਾਸਪੁਰ ਦੀ ਟੀਮ ਨੂੰ ਹਰਾ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ। ਅੰਡਰ-21 ਲੜਕੀਆਂ ਵਿੱਚ ਮੁਕਤਸਰ ਸਾਹਿਬ ਦੀ ਟੀਮ ਨੇ ਫਰੀਦਕੋਟ ਦੀ ਟੀਮ ਨੂੰ ਅਤੇ ਲੁਧਿਆਣਾ ਦੀ ਟੀਮ ਨੇ ਪਟਿਆਲਾ ਦੀ ਟੀਮ ਨੂੰ ਹਰਾਇਆ। ਅੰਡਰ-14 ਲੜਕੀਆਂ ਵਿੱਚ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੇ ਅੰਮ੍ਰਿਤਸਰ ਦੀ ਟੀਮ ਨੂੰ ਅਤੇ ਬਠਿੰਡਾ ਦੀ ਟੀਮ ਨੇ ਹੁਸ਼ਿਆਰਪੁਰ ਦੀ ਟੀਮ ਨੂੰ ਹਰਾਇਆ।

ਖ਼ਜ਼ਾਨਾ ਦਫ਼ਤਰ ਵਿਖੇ ਲਗਾਏ ਤਿੰਨ-ਰੋਜ਼ਾ ਪੈਨਸ਼ਨ ਸੇਵਾ ਮੇਲੇ ਸਫਲਤਾਪੂਰਵਕ ਸਮਾਪਤ

ਪੈਨਸ਼ਨਰਾਂ ਦੀ ਜਾਗਰੂਕਤਾ ਅਤੇ ਪੈਨਸ਼ਨ ਸੇਵਾ ਪੋਰਟਲ ਰਾਹੀਂ ਈ-ਕੇ.ਵਾਈ.ਸੀ ਦੀ ਸਹੂਲਤ ਕੀਤੀ ਪ੍ਰਦਾਨ, ਕੈਂਪਾਂ ਨੂੰ ਭਰਵਾਂ ਹੁੰਗਾਰਾ ਮਿਲਿਆ

ਈ-ਕੇ.ਵਾਈ.ਸੀ. ਕਰਵਾਉਣ ਦੀ ਪ੍ਰਕਿਰਿਆ ਅਗਲੇ ਇੱਕ ਹਫ਼ਤੇ ਤੱਕ ਵੀ ਜਾਰੀ ਰਹੇਗੀ- ਸਨੇਹ ਲਤਾ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 21 ਨਵੰਬਰ: ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀ ਜਾਗਰੂਕਤਾ ਅਤੇ ਪੈਨਸ਼ਨ ਸੇਵਾ ਪੋਰਟਲ ਰਾਹੀਂ ਈ-ਕੇ.ਵਾਈ.ਸੀ ਦੀ ਸਹੂਲਤ ਲਈ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਪਟਿਆਲਾ ਅਤੇ ਜ਼ਿਲ੍ਹੇ ਦੇ ਸਬ-ਖ਼ਜ਼ਾਨਾ ਦਫ਼ਤਰਾਂ ਰਾਜਪੁਰਾ, ਨਾਭਾ, ਸਮਾਣਾ, ਪਾਤੜ੍ਹਾਂ ਅਤੇ ਦੂਧਨਸਾਧਾਂ ਵਿਖੇ ਲਗਾਏ ਗਏ ਤਿੰਨ-ਰੋਜ਼ਾ ਪੈਨਸ਼ਨ ਸੇਵਾ ਮੇਲੇ ਸਫਲਤਾਪੂਰਵਕ ਸਮਾਪਤ ਹੋ ਗਏ ਹਨ। ਤੀਜੇ ਦਿਨ ਦੇ ਸਮਾਗਮ ਦਾ ਉਦਘਾਟਨ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ, ਮਿੰਨੀ ਸਕੱਤਰੇਤ ਬਲਾਕ-ਡੀ, ਪਟਿਆਲਾ ਵਿਖੇ ਵਧੀਕ ਡਾਇਰੈਕਟਰ, ਖ਼ਜ਼ਾਨਾ ਅਤੇ ਲੇਖਾ ਵਿਭਾਗ, ਪੰਜਾਬ, ਸਿਮਰਜੀਤ ਕੌਰ ਨੇ ਕੀਤਾ। ਉਨ੍ਹਾਂ ਨੇ ਮੌਕੇ 'ਤੇ ਪੈਨਸ਼ਨਰਾਂ ਨਾਲ ਗੱਲਬਾਤ ਕੀਤੀ ਅਤੇ ਪੈਨਸ਼ਨ ਨਾਲ ਸਬੰਧਤ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।


ਤਿੰਨਾਂ ਦਿਨਾਂ ਦੌਰਾਨ ਲਗਾਏ ਗਏ ਇਨ੍ਹਾਂ ਕੈਂਪਾਂ ਵਿੱਚ ਆਪਣੀ ਈ-ਕੇ.ਵਾਈ.ਸੀ. ਕਰਵਾਉਣ ਲਈ ਪੈਨਸ਼ਨਰਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ। ਇਸ ਮੌਕੇ ਪੈਨਸ਼ਨਰ ਯੂਨੀਅਨ ਦੇ ਪ੍ਰਧਾਨ ਗੁਰਮੀਤ ਸਿੰਘ ਵਾਲੀਆ ਵੀ ਸਮੂਹ ਯੂਨੀਅਨ ਮੈਂਬਰਾਂ ਸਮੇਤ ਕੈਂਪਾਂ ਵਿੱਚ ਸ਼ਾਮਿਲ ਹੋਏ ਅਤੇ ਉਨ੍ਹਾਂ ਨੇ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਪਟਿਆਲਾ ਦੇ ਨਾਲ-ਨਾਲ ਪੈਨਸ਼ਨ ਬ੍ਰਾਂਚ ਦੇ ਕੰਮ ਦੀ ਪ੍ਰਸ਼ੰਸਾ ਕੀਤੀ। ਇਸ ਦੌਰਾਨ ਸਮੂਹ ਪੈਨਸ਼ਨਰਾਂ ਅਤੇ ਯੂਨੀਅਨ ਆਗੂਆਂ ਨੇ ਕਿਹਾ ਕਿ ਇਹ ਪੰਜਾਬ ਸਰਕਾਰ ਦਾ ਇੱਕ ਬਹੁਤ ਹੀ ਵਧੀਆ ਉਪਰਾਲਾ ਹੈ, ਜਿਸ ਨਾਲ ਪੈਨਸ਼ਨਰਾਂ ਨੂੰ ਵੱਡੀ ਰਾਹਤ ਮਿਲੀ ਹੈ।

ਜ਼ਿਲ੍ਹਾ ਖ਼ਜ਼ਾਨਾ ਅਫ਼ਤਰ ਸਨੇਹ ਲਤਾ ਨੇ ਦੱਸਿਆ ਕਿ ਭਾਵੇਂ ਇਹ ਤਿੰਨ-ਰੋਜ਼ਾ ਕੈਂਪ ਸਮਾਪਤ ਹੋ ਚੁੱਕੇ ਹਨ, ਪਰ ਈ-ਕੇ.ਵਾਈ.ਸੀ. ਕਰਵਾਉਣ ਦੀ ਇਹ ਪ੍ਰਕਿਰਿਆ ਅਗਲੇ ਇੱਕ ਹਫ਼ਤੇ ਤੱਕ ਵੀ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਪਟਿਆਲਾ ਅਤੇ ਸਬ-ਖ਼ਜ਼ਾਨਾ ਦਫ਼ਤਰਾਂ ਰਾਜਪੁਰਾ, ਨਾਭਾ, ਸਮਾਣਾ, ਪਾਤੜ੍ਹਾਂ ਅਤੇ ਦੂੱਧਨ ਸਾਧਾਂ ਵਿਖੇ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਈ-ਕੇ.ਵਾਈ.ਸੀ. ਕਰਨਾ ਪੈਨਸ਼ਨਰਾਂ ਲਈ ਜਰੂਰੀ ਹੈ ਅਤੇ ਜਿਨ੍ਹਾਂ ਦਾ ਜੀਵਨ ਪ੍ਰਮਾਣ ਪੱਤਰ ਬੈਂਕ ਵਿੱਚ ਜਮ੍ਹਾਂ ਹੋ ਚੁੱਕਾ ਹੈ, ਉਹ ਵੀ ਈ-ਕੇ.ਵਾਈ.ਸੀ. ਜਰੂਰ ਕਰਵਾਉਣ। ਇਹ ਵੀ ਧਿਆਨ ਵਿੱਚ ਆਇਆ ਹੈ ਕਿ ਜ਼ਿਆਦਾਤਰ ਪੈਨਸ਼ਨਰਾਂ ਨੇ ਸਿਰਫ਼ ਆਪਣੇ ਬੈਂਕ ਬਚਤ ਖਾਤਿਆਂ ਦੀ ਹੀ ਈ-ਕੇ.ਵਾਈ.ਸੀ. ਕਰਵਾਈ ਹੈ, ਜਦਕਿ ਪੈਨਸ਼ਨ ਸੇਵਾ ਪੋਰਟਲ 'ਤੇ ਈ-ਕੇ.ਵਾਈ.ਸੀ. ਕਰਵਾਉਣੀ ਲਾਜ਼ਮੀ ਹੈ।

ਜ਼ਿਲ੍ਹਾ ਖ਼ਜ਼ਾਨਾ ਅਫ਼ਤਰ ਨੇ ਸਮੂਹ ਪੈਨਸ਼ਨਰਾਂ/ਫੈਮਿਲੀ ਪੈਨਸ਼ਨਰਾਂ ਅਤੇ ਪੈਨਸ਼ਨਰ ਯੂਨੀਅਨਾਂ ਦੇ ਆਗੂ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਦਫ਼ਤਰੀ ਸਮੇਂ ਦੌਰਾਨ ਪੀ.ਪੀ.ਓ. ਦੀ ਕਾਪੀ, ਆਧਾਰ ਕਾਰਡ, ਬੈਂਕ ਖਾਤੇ ਦੀ ਕਾਪੀ ਅਤੇ ਆਧਾਰ ਕਾਰਡ ਨਾਲ ਲਿੰਕ ਮੋਬਾਇਲ ਨੰਬਰ ਨਾਲ ਲੈ ਕੇ ਆਉਣ ਅਤੇ ਪੈਨਸ਼ਨ ਸੇਵਾ ਪੋਰਟਲ 'ਤੇ ਆਪਣੀ ਈ-ਕੇ.ਵਾਈ.ਸੀ. ਦੀ ਸਹੂਲਤ ਦਾ ਲਾਭ ਉਠਾਉਣ। ਜਿਨ੍ਹਾਂ ਪੈਨਸ਼ਨਰਾਂ ਦਾ ਪਿਛਲੇ ਸਾਲ ਈਕੇਵਾਈਸੀ ਹੋ ਚੁੱਕਾ ਹੈ, ਉਨ੍ਹਾਂ ਨੂੰ ਦੁਬਾਰਾ ਕਰਵਾਉਣ ਦੀ ਲੋੜ ਨਹੀਂ ਹੈ।

ਬੇਪਾਰਾਏ ਕਲਾਂ ਤੋਂ ਐਡਮਿੰਟਨ ਤੱਕ ਦਾ ਸਫ਼ਰ: ਸ੍ਰ. ਗੁਰਮੇਲ ਸਿੰਘ ਦਿਓਲ ਜੀ ਦੀ ਜੀਵਨ ਗਾਥਾ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਸ੍ਰ ਗੁਰਮੇਲ ਸਿੰਘ ਦਿਓਲ ਜੀ ਦਾ ਜਨਮ 24 ਸਤੰਬਰ 1928 ਨੂੰ ਬੇਪਾ ਰਾਏ ਕਲਾਂ ਜ਼ਿਲ੍ਹਾ ਲੁਧਿਆਣਾ ਪੰਜਾਬ ਵਿੱਚ ਪਿਤਾ ਸ੍ਰ ਨਾਹਰ ਸਿੰਘ ਦਿਓਲ ਅਤੇ ਮਾਤਾ ਬਿਸ਼ਨ ਕੌਰ ਦਿਓਲ ਦੇ ਘਰ ਹੋਇਆ ਜੋ ਕਿ ਖੇਤੀਬਾੜੀ ਦਾ ਕੰਮ ਕਰਦੇ ਸੀ। ਉਹਨਾਂ ਨੇ ਦਸਵੀਂ ਜਮਾਤ ਪਾਸ ਕਰਕੇ ਜੇਬੀਟੀ ਦਾ ਕੋਰਸ ਕਰ ਲਿਆ ਤੇ ਪਿੰਡ ਰੰਗੂਵਾਲ ਜ਼ਿਲ੍ਹਾ ਲੁਧਿਆਣਾ ਦੇ ਇੱਕ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਉਹ ਬਹੁਤ ਮਿਹਨਤੀ ਸਨ ਉਹ ਸਾਈਕਲ ਤੇ ਸਕੂਲ ਪੜ੍ਹਾਉਣ ਜਾਂਦੇ ਤੇ ਆ ਕੇ ਆਪਣੇ ਖੇਤਾਂ ਵਿੱਚ ਕੰਮ ਕਰਦੇ ਸੀ। ਉਹ ਕਹਿੰਦੇ ਸੀ ਮੈਨੂੰ ਖੇਤੀ ਦਾ ਕੰਮ ਕਰਕੇ ਬਹੁਤ ਖੁਸ਼ੀ ਮਿਲਦੀ ਹੈ। ਸ੍ਰ ਗੁਰਮੇਲ ਸਿੰਘ ਦਿਓਲ ਦੇ ਤਿੰਨ ਭਰਾ ਤੇ ਦੋ ਭੈਣਾਂ ਸਨ। ਉਹਨਾਂ ਦਾ ਵਿਆਹ ਬਚਨ ਕੌਰ ਧਾਲੀਵਾਲ ਨਾਲ ਪਿੰਡ ਰੱਤੋਵਾਲ ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਜੂਨ 1981 ਵਿੱਚ ਉਹ ਐਡਮਿੰਟਨ (ਅਲਬਰਟਾ) ਕਨੇਡਾ ਆ ਗਏ। ਸ੍ਰ ਗੁਰਮੇਲ ਸਿੰਘ ਦਿਓਲ ਅੰਮ੍ਰਿਤਧਾਰੀ ਮਿਹਨਤੀ ਅਤੇ ਹਸ ਮੁੱਖ ਸੁਭਾਅ ਦੇ ਸਨ। ਉਹਨਾਂ ਦੇ ਘਰ ਤਿੰਨ ਪੁੱਤਰਾਂ ਨੇ ਅਤੇ ਤਿੰਨ ਧੀਆਂ ਨੇ ਜਨਮ ਲਿਆ। ਧੀਆਂ ਤੇ ਪੁੱਤਰ ਸਾਰੇ ਵਿਆਹੇ ਹੋਏ ਹਨ। ਸ੍ਰ ਗੁਰਮੇਲ ਸਿੰਘ ਦਿਓਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਮੀਤ ਪ੍ਰਧਾਨ ਰਹੇ। ਗੁਰਦੁਆਰੇ ਦੀ ਤਰੱਕੀ ਅਤੇ ਉਸ ਨੂੰ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ। ਉਹ ਮਿਲਵੁੱਡ ਸੀਨੀਅਰ ਸੋਸਾਇਟੀ ਦੇ ਬਹੁਤ ਲੰਬਾ ਸਮਾਂ ਮੀਤ ਪ੍ਰਧਾਨ ਰਹੇ ਅਤੇ ਉਸ ਨੂੰ ਵਿਸ਼ਾਲ ਬਣਾਉਣ ਵਿੱਚ ਤਨ ਮਨ ਧਨ ਨਾਲ ਸੇਵਾ ਕੀਤੀ। ਗੁਰਮੇਲ ਸਿੰਘ ਦਿਓਲ ਓਵਰਸੀਜ ਟੀਚਰ ਅਸੋਸੀਏਸ਼ਨ ਦੇ ਵੀ ਮੈਂਬਰ ਸਨ। ਉਹਨਾਂ ਦੇ ਵੱਡੇ ਬੇਟੇ ਸ੍ਰ ਕਰਨੈਲ ਸਿੰਘ ਦਿਓਲ ਸਿੱਖ ਫੈਡਰੇਸ਼ਨ ਦੇ 21 ਸਾਲ ਤੋਂ ਪ੍ਰਧਾਨ ਹਨ। ਹਰ ਸਾਲ ਉਹ ਆਪਣੇ ਸਹਿਯੋਗੀਆਂ ਦੀ ਸਹਾਇਤਾ ਨਾਲ ਮਹਿਲਾ ਦਿਵਸ,ਵਿਸਾਖੀ, ਕਬੱਡੀ ਦੇ ਮੈਚ, ਸਪੋਰਟਸ ਅਤੇ ਕਲਚਰਲ ਪ੍ਰੋਗਰਾਮ ਕਰਵਾਉਂਦੇ ਹਨ। ਆਪਣੇ ਪਾਪਾ ਜੀ ਵਾਂਗ ਮਿਹਨਤੀ ਹਸਮੁੱਖ ਤੇ ਹਰਮਨ ਪਿਆਰੇ ਹਨ। ਇਹ ਸਾਰੀਆਂ ਸਿੱਖਿਆਵਾਂ ਉਹਨਾਂ ਆਪਣੇ ਖਾਨਦਾਨ ਚੋਂ ਪ੍ਰਾਪਤ ਕੀਤੀਆਂ। ਸ੍ਰ ਗੁਰਮੇਲ ਸਿੰਘ ਦਿਓਲ ਦੇ 16 ਗਰੈਂਡ ਚਿਲਡਰਨ ਤੇ 29 ਗ੍ਰੇਟ ਗਰੈਂਡ ਚਿਲਡਰਨ ਹਨ। ਉਹਨਾਂ ਦੇ ਸਾਰੇ ਗਰੈਂਡ ਚਿਲਡਰਨ ਫਿਊਨਰਲ ਸਮੇਂ ਹਾਜ਼ਰ ਸਨ ਤੇ ਉਹਨਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਮਾਈਕ ਕੋਲ ਖੜੇ ਸਨ। ਸਭ ਤੋਂ ਪਹਿਲਾਂ ਰਵੀ ਦਿਓਲ ਸਪੁੱਤਰ ਸ੍ਰ ਕਰਨੈਲ ਸਿੰਘ ਦਿਓਲ ਬੋਲਿਆ। ਉਸ ਦੀ ਸਪੀਚ ਵਿੱਚੋਂ ਸਰਦਾਰ ਗੁਰਮੇਲ ਸਿੰਘ ਦਿਓਲ ਦੀਆਂ ਦਿੱਤੀਆਂ ਹੋਈਆਂ ਸਿੱਖਿਆਵਾਂ ਝਲਕਦੀਆਂ ਸਨ। ਉਹਨਾਂ ਦੀ ਡਾਕਟਰ ਪੋਤੀ ਜੋਤੀ ਨੇ ਵੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਅਨੁਸਾਰ ਸਪੀਚ ਰੋ ਰੋ ਕੇ ਬੋਲੀ। ਇਸ ਤੋਂ ਪਤਾ ਲੱਗਦਾ ਸੀ ਕਿ ਉਹ ਬੱਚਿਆਂ ਨੂੰ ਕਿੰਨਾ ਜਿਆਦਾ ਪਿਆਰ ਕਰਦੇ ਸਨ। ਉਹਨਾਂ ਦੇ ਸਸਕਾਰ ਸਮੇਂ ਟਿਮ ਉੱਪਲ ਸੈਕੰਡ ਲੀਡਰ ਜਗਸ਼ਰਨ ਸਿੰਘ ਮਾਹਲ ਐਮ ਪੀ, ਜਸਵੀਰ ਸਿੰਘ ਦਿਓਲ ਐਮ ਐਲ ਏ, ਗੁਰਤੇਜ ਸਿੰਘ ਬਰਾੜ ਐਮ ਐਲ ਏ ਅਤੇ ਕੌਂਸਲਰ ਹਾਜ਼ਰ ਸਨ। ਉਹਨਾਂ ਨੂੰ ਸ਼ਰਧਾਂਜਲੀ ਸੁਰਜੀਤ ਕੌਰ ਧਾਲੀਵਾਲ ਓਟੀਏ ਦੇ ਅਸਿਸਟੈਂਟ ਮੀਤ ਪ੍ਰਧਾਨ, ਟਿਮ ਉੱਪਲ, ਸੀਨੀਅਰ ਸਿਟੀਜਨ ਸੋਸਾਇਟੀ ਦੇ ਅਮਰਜੀਤ ਸਿੰਘ ਵਿਰਦੀ ਅਤੇ ਜਸਵੀਰ ਸਿੰਘ ਦਿਓਲ ਨੇ ਦਿੱਤੀ। ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਬਾਕੀਆਂ ਤੋਂ ਮਾਫੀ ਮੰਗ ਲਈ ਗਈ। ਅੰਤ ਵਿੱਚ ਲਾਟ ਭਿੰਦਰ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਉਹਨਾਂ ਦਾ ਸਸਕਾਰ 6403 ਰੋਪੜ ਰੋਡ ਨੌਰਥ ਵੈਸਟ ਐਡਮਿੰਟਨ ਵਿਖੇ ਕੀਤਾ ਗਿਆ। ਅਖੰਡ ਪਾਠ ਦੇ ਭੋਗ ਗੁਰਦੁਆਰਾ ਸਿੰਘ ਸਭਾ ਐਡਮਿੰਟਨ ਵਿੱਚ ਪਾਏ ਗਏ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਕੈਬਨਿਟ ਮੰਤਰੀ ਮੁੰਡੀਆਂ ਵੱਲੋਂ ਹਲਕੇ ਦੇ ਵਸਨੀਕਾਂ ਨੂੰ ਅਪੀਲ; ਸਵੈ-ਗਣਨਾ' ਸਹੂਲਤ ਦਾ ਵੱਧ ਤੋਂ ਵੱਧ ਲਿਆ ਜਾਵੇ ਲਾਭ

-ਕਿਹਾ! ਇਹ ਸਹੂਲਤ 30 ਨਵੰਬਰ ਤੱਕ ਰਹੇਗੀ ਜਾਰੀ

- ਆਪਣੀ ਖੁਦ ਦੀ 'ਸਵੈ-ਗਣਨਾ' ਪ੍ਰਕਿਰਿਆ ਵੀ ਕੀਤੀ ਮੁਕੰਮਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 22 ਨਵੰਬਰ : ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਵਿਧਾਨ ਸਭਾ ਹਲਕਾ ਸਾਹਨੇਵਾਲ ਦੇ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ 16 ਨਵੰਬਰ ਤੋਂ 30 ਨਵੰਬਰ, 2026 ਤੱਕ ਜਾਰੀ 'ਸਵੈ-ਗਣਨਾ' ਸਹੂਲਤ ਰਾਹੀਂ ਆਪਣੇ ਆਨਲਾਈਨ ਵੇਰਵੇ ਭਰ ਕੇ ਭਾਰਤ ਦੀ ਚੱਲ ਰਹੀ ਜਨਗਣਨਾ ਵਿੱਚ ਭਾਗੀਦਾਰ ਬਣਨ।

ਇਸ ਮੌਕੇ ਉਨ੍ਹਾਂ ਆਪਣੀ ਖੁਦ ਦੀ 'ਸਵੈ-ਗਣਨਾ' ਪ੍ਰਕਿਰਿਆ ਵੀ ਮੁਕੰਮਲ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਪਹਿਲੀ ਦਸੰਬਰ, 2026 ਤੋਂ 4 ਜਨਵਰੀ 2027 ਤੱਕ, ਭਾਰਤ ਸਰਕਾਰ ਵੱਲੋਂ ਆਪਣੇ ਮੁਲਾਜ਼ਮਾਂ ਰਾਹੀ ਜਨਗਣਨਾ ਕਰ